**ਪ੍ਰਧਾਨ ਮੰਤਰੀ ਨੇ ਸ਼੍ਰੀਲੰਕਾ ਦੇ ਰਾਸ਼ਟਰਪਤੀ ਨਾਲ ਦੁਵੱਲੀ ਗੱਲਬਾਤ ਕੀਤੀ (05 ਅਪ੍ਰੈਲ, 2025)**

05 ਅਪ੍ਰੈਲ 2025

ਪ੍ਰਧਾਨ ਮੰਤਰੀ ਨੇ ਅੱਜ ਸ੍ਰੀਲੰਕਾ ਦੇ ਰਾਸ਼ਟਰਪਤੀ, ਮਹਾਮਹਿਮ ਅਨੁਰਾ ਕੁਮਾਰਾ ਦਿਸਾਨਾਯਕਾ ਦੇ ਨਾਲ ਕੋਲੰਬੋ ਸਥਿਤ ਰਾਸ਼ਟਰਪਤੀ ਸਕੱਤਰੇਤ ਵਿੱਚ ਉਪਯੋਗੀ ਬੈਠਕ ਕੀਤੀ। ਇਸ ਗੱਲਬਾਤ ਤੋਂ ਪਹਿਲੇ ਪ੍ਰਧਾਨ ਮੰਤਰੀ ਦਾ ਇੰਡੀਪੈਂਡੈਂਸ ਸਕੇਅਰ 'ਤੇ ਰਸਮੀ ਸੁਆਗਤ ਕੀਤਾ ਗਿਆ। ਸਤੰਬਰ 2024 ਵਿੱਚ ਰਾਸ਼ਟਰਪਤੀ ਦਿਸਾਨਾਯਕਾ ਦੇ ਅਹੁਦਾ ਸੰਭਾਲਣ ਤੋਂ ਬਾਅਦ ਪ੍ਰਧਾਨ ਮੰਤਰੀ ਸ਼੍ਰੀਲੰਕਾ ਦਾ ਸਰਕਾਰੀ ਦੌਰਾ ਕਰਨ ਵਾਲੇ ਪਹਿਲੇ ਵਿਦੇਸ਼ੀ ਨੇਤਾ ਹਨ।

2. ਦੋਹਾਂ ਨੇਤਾਵਾਂ ਨੇ ਸਾਂਝੇ ਇਤਿਹਾਸ 'ਤੇ ਅਧਾਰਿਤ ਅਤੇ ਜਨਤਾ ਦੇ ਦਰਮਿਆਨ ਮਜ਼ਬੂਤ ਸਬੰਧਾਂ ਤੋਂ ਪ੍ਰੇਰਿਤ ਵਿਸ਼ੇਸ਼ ਅਤੇ ਨਿਕਟ ਦੁਵੱਲੇ ਸਬੰਧਾਂ ਨੂੰ ਹੋਰ ਗਹਿਰਾ ਬਣਾਉਣ ਦੇ ਲਈ ਸੀਮਿਤ ਅਤੇ ਪ੍ਰਤੀਨਿਧੀਮੰਡਲ ਪੱਧਰ ਦੇ ਪ੍ਰਾਰੂਪ ਵਿੱਚ ਵਿਸਤ੍ਰਿਤ ਚਰਚਾ ਕੀਤੀ। ਉਨ੍ਹਾਂ ਨੇ ਕਨੈਕਟਿਵਿਟੀ, ਵਿਕਾਸ ਸਹਿਯੋਗ, ਆਰਥਿਕ ਸਬੰਧਾਂ, ਰੱਖਿਆ ਸਬੰਧਾਂ, ਸੁਲ੍ਹਾ ਅਤੇ ਮਛੇਰਿਆਂ ਦੇ ਮੁੱਦਿਆਂ ਦੇ ਖੇਤਰ ਵਿੱਚ ਸਹਿਯੋਗ ਦੀ ਸਮੀਖਿਆ ਕੀਤੀ। ਪ੍ਰਧਾਨ ਮੰਤਰੀ ਨੇ ਭਾਰਤਦੀ ਨੇਬਰਹੁੱਡ ਫਰਸਟ ਪਾਲਿਸੀ ਅਤੇ ਵਿਜ਼ਨ ਮਹਾਸਾਗਰ ਵਿੱਚ ਸ੍ਰੀਲੰਕਾਦੇ ਮਹੱਤਵ ਨੂੰ ਦੁਹਰਾਇਆ। ਉਨ੍ਹਾਂ ਨੇ ਸ੍ਰੀਲੰਕਾ ਦੀ ਆਰਥਿਕ ਸੁਧਾਰ ਅਤੇ ਸਥਿਰੀਕਰਣ ਵਿੱਚ ਸਹਾਇਤਾ ਦੇ ਲਈ ਭਾਰਤ ਵਲੋਂ ਨਿਰੰਤਰ ਪ੍ਰਤੀਬੱਧਤਾ ਵਿਅਕਤ ਕੀਤੀ।

3. ਗੱਲਬਾਤ ਤੋਂ ਬਾਅਦ, ਦੋਹਾਂ ਨੇਤਾਵਾਂ ਨੇ ਕਈ ਪ੍ਰੋਜੈਕਟਸ ਦਾ ਵਰਚੁਅਲੀ ਉਦਘਾਟਨ ਕੀਤਾ। ਇਨ੍ਹਾਂ ਵਿੱਚ ਸ੍ਰੀਲੰਕਾ ਭਰ ਦੇ ਧਾਰਮਿਕ ਸਥਾਨਾਂ 'ਤੇ ਸਥਾਪਤ 5000 ਸੌਰ ਰੂਫਟੌਪ ਇਕਾਈਆਂ ਅਤੇ ਦੰਬੁਲਾ ਵਿੱਚ ਤਾਪਮਾਨ-ਨਿਯੰਤ੍ਰਿਤ ਭੰਡਾਰਣ ਸੁਵਿਧਾ ਸ਼ਾਮਲ ਹੈ। ਉਨ੍ਹਾਂ ਨੇ 120 ਮੈਗਾਵਾਟ ਸਾਮਪੁਰ ਸੌਰ ਬਿਜਲੀ ਪ੍ਰੋਜੈਕਟ ਦੇ ਉਦਘਾਟਨ ਲਈ ਨੀਂਹ ਪੱਥਰ ਸਮਾਗਮ ਵਿੱਚ ਵਰਚੁਅਲੀ ਵੀ ਹਿੱਸਾ ਲਿਆ।

4. ਦੋਹਾਂ ਨੇਤਾਵਾਂ ਦੀ ਮੌਜੂਦਗੀ ਵਿੱਚ ਪੂਰਬੀ ਪ੍ਰਾਂਤ ਵਿੱਚ ਊਰਜਾ, ਡਿਜ਼ੀਟਲੀਕਰਣ, ਰੱਖਿਆ, ਸਿਹਤ ਅਤੇ ਬਹੁ-ਖੇਤਰੀ ਸਹਾਇਤਾ ਦੇ ਖੇਤਰਾਂ ਵਿੱਚ ਸੱਤ ਸਹਿਮਤੀ ਪੱਤਰਾਂ ਦਾ ਅਦਾਨ-ਪ੍ਰਦਾਨ ਹੋਇਆ। ਪ੍ਰਧਾਨ ਮੰਤਰੀ ਨੇ ਤ੍ਰਿੰਕੋਮਾਲੀ ਵਿੱਚ ਤਿਰੁਕੋਨੇਸ਼ਵਰਮ ਮੰਦਿਰ, ਅਨੁਰਾਧਾਪੁਰਾ ਵਿੱਚ ਪਵਿੱਤਰ ਸ਼ਹਿਰ ਪ੍ਰੋਜੈਕਟ ਅਤੇ ਨੁਵਾਰਾ ਏਲਿਯਾ ਵਿੱਚ ਸੀਤਾ ਏਲਿਯਾ ਮੰਦਿਰ ਪਰਿਸਰ ਦੇ ਵਿਕਾਸ ਦੇ ਲਈ ਸਹਾਇਤਾ ਦੇਣ ਦਾ ਐਲਾਨ ਕੀਤਾ। ਸਮਰੱਥਾ ਨਿਰਮਾਣ ਅਤੇ ਆਰਥਿਕ ਸਹਾਇਤਾ ਦੇ ਖੇਤਰਾਂ ਵਿੱਚ, ਸਲਾਨਾ ਅਤਿਰਿਕਤ 700 ਸ੍ਰੀਲੰਕਾਈ ਨਾਗਰਿਕਾਂ ਨੂੰ ਟ੍ਰੇਨਿੰਗ ਦੇਣ ਦੇ ਲਈ ਇੱਕ ਵਿਆਪਕ ਪੈਕੇਜ ਅਤੇ ਰਿਣ ਪੁਨਰਗਠਨ 'ਤੇ ਦੁਵੱਲੇ ਸੰਸ਼ੋਧਨ ਸਮਝੌਤੇ ਹੋਣ ਦਾ ਵੀ ਐਲਾਨ ਕੀਤਾ ਗਿਆ। ਦੋਹਾਂ ਦੇਸ਼ਾਂ ਦੀ ਸਾਂਝੀ ਬੋਧੀ ਵਿਰਾਸਤ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਧਾਨ ਮੰਤਰੀ ਨੇ ਅੰਤਰਰਾਸ਼ਟਰੀ ਵੇਸਾਕ ਦਿਵਸ ਸਮਾਰੋਹ ਦੇ ਲਈ ਗੁਜਰਾਤ ਤੋਂ ਭਗਵਾਨ ਬੁੱਧ ਦੇ ਪਵਿੱਤਰ ਅਵਸ਼ੇਸ਼ ਸ੍ਰੀਲੰਕਾ ਭੇਜਣ ਦਾ ਐਲਾਨ ਕੀਤਾ। ਸਹਿਮਤੀ ਪੱਤਰਾਂ ਅਤੇ ਐਲਾਨਾਂ ਦੀ ਸੂਚੀ ਇੱਥੇ ਦੇਖੀ ਜਾ ਸਕਦੀ ਹੈ।

ਕੋਲੰਬੋ

05 ਅਪ੍ਰੈਲ 2025